**ਪੰਜਾਬੀ ਯੂਨੀਵਰਸਿਟੀ ਪਟਿਆਲਾ**

**(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)**

ਨੰ. 19251 /ਅਮਲਾ/ਨਿਗ-7/ਸ-20

ਮਿਤੀ: 02.11.2023

**ਈ-ਮੇਲ**

ਮੁਖੀ,

ਸਮੂਹ ਅਧਿਆਪਨ/ਖੋਜ ਵਿਭਾਗਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨੇਬਰਹੁੱਡ ਕੈਂਪਸਿਜ਼, ਰਿਜ਼ਨਲ ਸੈਂਟਰਜ਼ ।

ਵਿਸ਼ਾ: ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ (ਪੂਟਾ) ਦੀਆਂ ਸਾਲ 2023-24 ਲਈ ਚੋਣਾਂ ਸਬੰਧੀ।

ਇਹ ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ (ਪੂਟਾ) ਸਬੰਧੀ ਪੱਤਰ ਨੰ. 18517/ਅਮਲਾ /ਨਿਗ-7/ਸ-20 ਮਿਤੀ 20.10.2023 ਦੀ ਲਗਾਤਾਰਤਾ ਵਿੱਚ ਹੈ।

ਪੰਜਾਬੀ ਯੂਨੀਵਰਸਿਟੀ ਅਧਿਆਪਨ ਸੰਘ (ਪੂਟਾ) ਦੀਆਂ ਸਾਲ 2023-24 ਦੀਆਂ ਚੋਣਾਂ ਸਬੰਧੀ ਨਾਮੀਨੇਸ਼ਨ ਫਾਰਮ ਭਰਨ ਅਤੇ ਭੇਜਣ ਸਮੇਂ ਜ਼ਰੂਰੀ ਹਦਾਇਤਾਂ ਦੀ ਲੋਅ ਵਿੱਚ ਹੇਠ ਲਿਖੇ ਅਨੁਸਾਰ ਸਪਸ਼ਟ ਕੀਤਾ ਜਾਂਦਾ ਹੈ:

ਅਧਿਆਪਕ ਸੰਘ ਦੇ ਵੱਖ-ਵੱਖ ਅਹੁੱਦਿਆਂ ਸਬੰਧੀ ਨਾਮੀਨੇਸ਼ਨ ਫਾਰਮ ਭਰਨ ਅਤੇ ਭੇਜਣ ਸਮੇਂ ਇੱਕ ਅਧਿਆਪਕ ਇੱਕ ਅਹੁਦੇ ਲਈ ਇੱਕ ਤੋਂ ਵੱਧ ਵਾਰ ਅਪਲਾਈ ਨਾ ਕਰਨ। ਅਹੁੱਦਾ ਸਪਸ਼ਟ ਤੌਰ ਤੇ ਦਰਸਾਇਆ ਜਾਵੇ ਅਤੇ ਨਾਲ ਹੀ ਨਾਮੀਨੇਸ਼ਨ ਫਾਰਮ ਵਿੱਚ ਪੂਰੇ ਹਸਤਾਖਰ (ਅਮਲਾ ਸ਼ਾਖਾ ਦੇ ਰਿਕਾਰਡ ਮੁਤਾਬਿਕ) ਕਰਦੇ ਹੋਏ ਕਟਿੰਗ ਅਤੇ ਓਵਰ ਰਾਈਟਿੰਗ ਤੋਂ ਬਗੈਰ ਭਰਕੇ ਭੇਜੇ ਜਾਣ। ਇਸ ਤੋਂ ਇਲਾਵਾ ਇੱਕ ਅਧਿਆਪਕ ਇੱਕੋ ਅਹੁੱਦੇ ਲਈ ਦੋ ਅਧਿਆਪਕਾਂ ਦਾ ਨਾਮ ਪ੍ਰਪੋਜ਼ ਨਹੀਂ ਕਰਨਗੇ। ਨਾਮੀਨੇਸ਼ਨ ਭਰਨ ਵਾਲੇ ਅਧਿਆਪਕ ਅਤੇ ਉਨ੍ਹਾਂ ਨੂੰ ਪ੍ਰਪੋਜ਼ ਕਰਨ ਵਾਲੇ ਅਧਿਆਪਕਾਂ ਦੇ ਵੋਟਰ ਨੰਬਰ (ਆਰਜ਼ੀ ਵੋਟਰ ਸੂਚੀ ਵਿੱਚ ਅੰਕਿਤ ਵੋਟ ਨੰਬਰ ਵੈਲਿਡ ਮੰਨਿਆ ਜਾਣਾ ਹੈ) ਵੀ ਸਹੀ ਦਰਸਾਏ ਜਾਣ। ਅਜਿਹੀਆਂ ਸਾਰੀਆਂ ਸ਼ਰਤਾਂ ਨੂੰ ਨਾ ਮੰਨਣ ਦੀ ਹਾਲਤ ਵਿੱਚ ਨਾਮੀਨੇਸ਼ਨ ਫਾਰਮ ਰੱਦ ਸਮਝਿਆ ਜਾਵੇਗਾ ਭਾਵ ਉਸ ਅਹੁੱਦੇ ਲਈ ਨਾਮੀਨੇਸ਼ਨ ਨਹੀਂ ਵਿਚਾਰੀ ਜਾਵੇਗੀ)। ਨਿਰਧਾਰਿਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਨਾਮਜ਼ਦਗੀ ਪਰਚਾ/ਇਤਰਾਜ਼ ਰੱਦ ਸਮਝਿਆ ਜਾਵੇਗਾ (ਭਾਵ ਉਸਦੇ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ)। ਨਾਮਜ਼ਦਗੀ/ਇਤਰਾਜ਼ ਅਸਲ ਰੂਪ ਵਿੱਚ ਹੀ ਵਿਚਾਰੇ ਜਾਣਗੇ ਭਾਵ ਮੇਲ/ਫੋਟੋਕਾਪੀ/ਫੋਨ ਰਾਹੀਂ ਸੁਨੇਹਾ ਨਹੀਂ ਵਿਚਾਰਿਆ ਜਾਵੇਗਾ।

ਉਕਤ ਹਦਾਇਤਾਂ ਦੀ ਲੋਅ ਵਿੱਚ ਨੋਮੀਨੇਸ਼ਨ ਫਾਰਮ ਜਮ੍ਹਾਂ ਕਰਵਾਉਣ ਦੇ ਸਮੇਂ ਵਿੱਚ ਮਿਤੀ 03.11.2023 ਨੂੰ 11:00 ਵਜੇ ਤੱਕ ਦਾ ਵਾਧਾ ਕੀਤਾ ਜਾਂਦਾ ਹੈ। ਸਬੰਧਤ ਫਾਰਮ ਅਮਲਾ-ਸ਼ਾਖਾ (ਟੀਚਿੰਗ) ਵਿਖੇ ਜਮ੍ਹਾਂ ਕਰਵਾ ਸਕਦੇ ਹਨ।

I. Kaur

ਸਹਾਇਕ ਰਜਿਸਟਰਾਰ (ਅਮਲਾ)-II

**ਪੰਜਾਬੀ ਯੂਨੀਵਰਸਿਟੀ ਪਟਿਆਲਾ**

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਨੰ. 19260/ਅਮਲਾ/ਨਿਗ-7/ਸ-20
ਮਿਤੀ: 02.11.2023

ਈ-ਮੇਲ

ਮੁਖੀ,
ਸਮੂਹ ਅਧਿਆਪਨ/ਖੋਜ ਵਿਭਾਗਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਨੇਬਰਹੁੱਡ ਕੈਂਪਸਿਜ਼, ਰਿਜ਼ਨਲ ਸੈਂਟਰਜ਼ ।

ਵਿਸ਼ਾ: ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ (ਪੂਟਾ) ਦੀਆਂ ਸਾਲ 2023-24 ਲਈ ਚੋਣਾਂ ਸਬੰਧੀ।

ਇਹ ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ (ਪੂਟਾ) ਸਬੰਧੀ ਪੱਤਰ ਨੰ. 18517/ਅਮਲਾ /ਨਿਗ-7/ਸ-20 ਮਿਤੀ 20.10.2023 ਦੀ ਲਗਾਤਾਰਤਾ ਵਿੱਚ ਹੈ।

ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ (ਪੂਟਾ) ਦੀਆਂ ਸਾਲ 2023-24 ਲਈ ਚੋਣਾਂ ਸਬੰਧੀ ਨਾਮਜ਼ਦਗੀ ਦਾਇਰ ਕਰਨ ਦੀ ਆਖਰੀ ਮਿਤੀ 03.11.2023 ਨੂੰ 11:00 ਵਜੇ, ਨਾਮਜ਼ਦਗੀ ਪਰਚਿਆਂ ਦੀ ਛਾਣਬੀਣ ਉਪਰੰਤ ਆਰਜ਼ੀ ਸੂਚੀ ਜਾਰੀ ਕਰਨ ਦਾ ਸਮਾਂ 1:00 ਵਜੇ, ਨਾਮ ਵਾਪਿਸ ਲੈਣ ਦਾ ਸਮਾਂ 5:00 ਵਜੇ ਅਤੇ ਅੰਤਿਮ ਸੂਚੀ 5:30 ਵਜੇ ਜਾਰੀ ਕੀਤੀ ਜਾਵੇਗੀ।

I. Kaur
ਸਹਾਇਕ ਰਜਿਸਟਰਾਰ (ਅਮਲਾ)-II